# ਪੰਜਾਬੀ ਨਿੱਕੀ ਕਹਾਣੀ: ਬਣਤਰ ਤੇ ਤੱਤ

**Dr. Harjot Kaur***

Professor in Punjabi, Department of Distance Education, Punjabi University, Patiala

---------------------------------x---------------------------------

ਪੰਜਾਬੀ ਨਿੱਕੀ ਕਹਾਣੀ ਗਲਪ ਦਾ ਸੁਤੰਤਰ ਰੂਪ ਹੈ ਅਤੇ ਆਪਣੇ ਆਪ ਵਿਚ ਸੰਪੂਰਨ ਵੰਨਗੀ ਹੈ। ਜਿੰਨੇ ਵੀ ਆਧੁਨਿਕ ਯੁੱਗ ਵਿਚ ਸਾਹਿਤ ਰੂਪ ਵਿਕਸਿਤ ਹੋਏ, ਉਨ੍ਹਾਂ ਵਿਚੋਂ ਨਿੱਕੀ ਕਹਾਣੀ ਨੇ ਬਹੁਤ ਤੀਬਰਤਾ ਨਾਲ ਵਿਕਾਸ ਕੀਤਾ। ਇਸ ਦਾ ਮੁੱਖ ਕਾਰਣ ਇਹ ਹੈ ਕਿ ਵਿਗਿਆਨਕ ਤਰੱਕੀ ਤੇ ਤਕਨੌਲੋਜੀ ਕਾਰਨ ਆਧੁਨਿਕ ਯੁੱਗ ਵਿਚ ਮਨੁੱਖ ਦੇ ਰੁਝੇਵੇਂ ਦਿਨ-ਬ-ਦਿਨ ਵਧਦੇ ਜਾ ਰਹੇ ਹਨ ਅਤੇ ਰੁਝੇਵਿਆਂ ਭਰੇ ਜੀਵਨ ਵਿਚ ਉਸ ਕੋਲ ਸਾਹਿਤਕ ਆਨੰਦ ਦੀ ਪ੍ਰਾਪਤੀ ਲਈ ਵੱਡੇ ਆਕਾਰ ਦੀਆਂ ਰਚਨਾਵਾਂ ਪੜ੍ਹਨ ਦਾ ਸਮਾਂ ਨਹੀਂ ਹੈ। ਇਸੇ ਪ੍ਰਵਿਰਤੀ ਅਧੀਨ ਨਿੱਕੀ ਕਹਾਣੀ ਆਧੁਨਿਕ ਯੁੱਗ ਵਿੱਚ ਬੌਧਿਕਤਾ ਦੀ ਪ੍ਰਧਾਨਤਾ ਵਾਲੇ ਪਾਠਕਾਂ ਲਈ, ਆਪਣਾ ਨਵਾਂ ਰੂਪ ਅਤੇ ਵੱਖਰੀ ਪਹਿਚਾਣ ਲੈ ਕੇ ਸਾਹਮਣੇ ਆਈ। ਇਹੀ ਕਾਰਨ ਹੈ ਕਿ ਨਿੱਕੀ ਕਹਾਣੀ ਨੂੰ ਇਕੋ ਬੈਠਕ ਵਿਚ ਪੜ੍ਹੀ ਜਾਂ ਸਕਣ ਵਾਲੀ ਜਾਂ ਜਿਸ ਨੂੰ ਪੜ੍ਹਨ ਵਿਚ ਅੱਧੇ ਘੰਟੇ ਤੋਂ ਇਕ ਘੰਟੇ ਦਾ ਸਮਾਂ ਲੱਗੇ ਜਾਂ ਇਕ ਮੁਖੀ ਪਾਤਰ, ਵਾਲੀ ਤੇ ਇਕਹਿਰੇ ਪ੍ਰਭਾਵ ਵਾਲੀ ਆਦਿ ਅਜਿਹੀਆਂ ਪਰਿਭਾਸ਼ਾਵਾਂ ਦਿੱਤੀਆਂ ਜਾਣ ਲੱਗੀਆਂ।

ਨਿੱਕੀ ਕਹਾਣੀ ਸਾਧਾਰਣ ਮਨੁੱਖ ਦੀ ਸਾਧਾਰਣ ਜ਼ਿੰਦਗੀ ਦੀ ਗੱਲ ਕਰਦੀ ਹੈ। ਨਿੱਕੀ ਕਹਾਣੀ ਜੀਵਨ ਦੇ ਕਿਸੇ ਇਕ ਪੱਖ ਦਾ ਸੰਕੇਤ ਕਰਦੀ ਹੈ ਜਾਂ ਪਾਤਰ ਦੇ ਚਰਿੱਤਰ ਦਾ ਕੋਈ ਇਕ ਪੱਖ ਹੀ ਉਘਾੜਦੀ ਹੈ। ਇਸੇ ਕਰਕੇ ਨਿੱਕੀ ਕਹਾਣੀ ਨੂੰ ਸਮੁੱਚੇ ਜੀਵਨ ਨੂੰ ਚਿਤਰਨ ਦੀ ਥਾਂ ਜੀਵਨ ਦੀ ਇੱਕ ਟੁੰਬਵੀਂ ਝਾਕੀ ਨੂੰ ਵਿਉਂਤਣ ਵਾਲੀ ਵਿਧਾ ਦੇ ਰੂਪ ਵਿਚ ਪ੍ਰਵਾਨਿਆ ਗਿਆ ਹੈ।[1]

ਨਿੱਕੀ ਕਹਾਣੀ ਦੀ ਨੁਹਾਰ ਬਹੁਤ ਤਿੱਖੀ ਹੁੰਦੀ ਹੈ ਪਾਠਕ ਅੰਦਰ ਉਤਸੁਕਤਾ ਜਗਾਉਂਦੀ ਹੈ ਅਤੇ ਪਾਠਕ ਨੂੰ ਹਲੂਣ ਦੇ ਰਖ ਦਿੰਦੀ ਹੈ। ਨਿੱਕੀ ਕਹਾਣੀ ਵਿਚ ਪਾਤਰ ਦੇ ਮਨ ਅਤੇ ਉਸ ਦੀਆਂ ਪਰਿਸਥਿਤੀਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੁੰਦਾ ਹੈ। "ਕਹਾਣੀਕਾਰ ਆਪਣੇ ਅਨੁਭਵ ਅਤੇ ਦ੍ਰਿਸ਼ਟੀ ਤੋਂ ਕਿਸੇ ਵਿਸ਼ੇਸ਼ ਬਿੰਦੂ ਉਪਰ ਖਲੋਤਾ ਹੋਇਆ ਆਪਣੀ ਰਚਨਾ ਰਾਹੀਂ ਸਮਾਜਕ ਯਥਾਰਥ ਅਤੇ ਰੁਮਾਂਸ ਦੇ ਕਿਸੇ ਮਹੱਤਵਪੂਰਨ ਵੇਰਵੇ ਨੂੰ ਪੇਸ਼ ਕਰਦਾ ਹੈ।"[2] ਅੱਜ ਦੇ ਯੁੱਗ ਵਿਚ ਇਸ ਦੀ ਵਿਸ਼ੇਸ ਮਹੱਤਤਾ ਇਸੇ ਕਰਕੇ ਹੈ ਕਿਉਂਕਿ ਇਹ ਸਾਡੇ ਬਦਲਦੇ ਜੀਵਨ ਪੈਟਰਨ ਦੀ ਦੁਬਿਧਾਮਈ ਤੇ ਦਿਸ਼ਾਹੀਣ ਅਵਸਥਾ ਨੂੰ ਸਮੇਟਣ ਦੇ ਸਮਰੱਥ ਹੈ। ਸੁੰਗੜਦੀ ਜਾ ਰਹੀ ਜ਼ਿੰਦਗੀ ਦੇ ਮਹੱਤਵਪੂਰਨ ਛਿਣਾਂ ਦੀ ਪਕੜ ਦਾ ਕਲਾਤਮਕ ਯਤਨ ਅੱਜ ਦੀ ਨਿੱਕੀ ਕਹਾਣੀ ਦਾ ਮੂਲ ਉਦੇਸ਼ ਹੈ। ਆਧੁਨਿਕ ਨਿੱਕੀ ਕਹਾਣੀ ਨੇ ਵਿਭਿੰਨ ਬਿਰਤਾਂਤਕ ਤੱਤਾਂ ਦੀ ਪੇਸ਼ਕਾਰੀ ਦੇ ਵਿਲੱਖਣ ਅੰਦਾਜ਼ ਕਾਰਨ ਆਪਣਾ ਨਿਵੇਕਲਾ ਵਿਧਾਗਤ ਮੁਹਾਂਦਰਾ ਸਿਰਜ ਲਿਆ ਹੈ।[4]

ਵਰਤਮਾਨ ਯੁੱਗ ਵਿਚ ਬਾਕੀ ਸਾਹਿਤ-ਰੂਪਾਂ ਨਾਲੋਂ ਇਸ ਦਾ ਵਿਸ਼ੇਸ਼ ਮਹੱਤਵ ਇਸ ਕਰਕੇ ਹੈ ਕਿਉਂਕਿ ਇਹ ਅਜੋਕੇ ਸਭਿਆਚਾਰ ਚਿੰਨ੍ਹਾਂ ਨੂੰ ਹੋਰ ਸਾਹਿਤ-ਰੂਪਾਂ ਨਾਲੋਂ ਵੱਧ ਸਾਰਥਕਤਾ ਨਾਲ ਪੇਸ਼ ਕਰ ਸਕੀ ਹੈ। ਕਹਾਣੀ ਦੀ ਬਣਤਰ ਨੂੰ ਸਮਝਣ ਲਈ ਕਹਾਣੀ ਦੇ ਤੱਤਾਂ ਨੂੰ ਵਿਚਾਰਨਾ ਜ਼ਰੂਰੀ ਹੈ। ਇਹ ਸਾਰੇ ਤੱਤ ਇੱਕ ਦੂਜੇ ਨਾਲ ਕੜੀ ਦੀ ਤਰ੍ਹਾਂ ਜੁੜੇ ਹੁੰਦੇ ਹਨ ਇਨ੍ਹਾਂ ਨੂੰ ਕਹਾਣੀ ਤੋਂ ਵੀ ਵੱਖ ਨਹੀਂ ਕੀਤਾ ਜਾ ਸਕਦਾ ਪਰ ਕਿਸੇ ਨਾ ਕਿਸੇ ਤੱਤ ਦੀ ਪ੍ਰਮੁੱਖਤਾ ਸਥਾਪਿਤ ਹੋਣ ਕਰਕੇ ਕਹਾਣੀ ਦੇ ਵੱਖ-ਵੱਖ ਪ੍ਰਕਾਰ ਵੀ ਹੋਂਦ ਵਿਚ ਆਏ ਹਨ ਜਿਵੇਂ ਕਿ ਪਾਤਰ ਪ੍ਰਧਾਨ ਕਹਾਣੀ ਜਾਂ ਘਟਨਾ ਪ੍ਰਧਾਨ ਕਹਾਣੀ ਆਦਿ। ਕਹਾਣੀ ਦੇ ਹੇਠ ਲਿਖੇ ਤੱਤ ਹਨ:

**ਪਲਾਟ ਜਾਂ ਗੋਂਦ:** ਪਲਾਟ ਘਟਨਾਵਾਂ ਦੇ ਉਸ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਇੱਕ ਖਾਸ ਤਰਤੀਬ ਨਾਲ ਕਹਾਣੀਕਾਰ ਇਕ ਕਲਾਤਮਕ ਰੂਪ ਦਿੰਦਾ ਹੈ। ਨਿੱਕੀ ਕਹਾਣੀ ਦੀ ਗੋਂਦ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਗੋਂਦ ਉਕਸੁਕਤਾ ਭਰਪੂਰ ਹੋਵੇ ਅਤੇ ਪਾਠਕ ਕਹਾਣੀ ਦੇ ਅੰਤ ਤੱਕ ਜਾਨਣ ਲਈ ਉਤਾਵਲਾ ਰਹੇ ਕਿ ਅੱਗੋਂ ਕੀ ਹੋਇਆ? ਕਿਸੇ ਕਹਾਣੀ ਵਿਚ ਘਟਨਾਵਾਂ ਦਾ ਤਰਤੀਬ ਵਿੱਚ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਨ੍ਹਾਂ ਦਾ ਆਪਸੀ ਸੰਬੰਧ ਵੀ ਅਜਿਹਾ ਹੋਵੇ ਕਿ ਕਹਾਣੀ ਦਾ ਪ੍ਰਭਾਵ ਬੱਝਵਾਂ ਹੋ ਜਾਵੇ। ਡਾ. ਕੁਲਦੀਪ ਸਿੰਘ ਅਨੁਸਾਰ, ਜੇਕਰ ਕਹਾਣੀ ਦਾ ਪਲਾਟ ਢਿੱਲਾ ਹੋਵੇ ਤਾਂ ਕਹਾਣੀ ਖਿੱਲਰ ਜਾਵੇਗੀ ਅਤੇ ਇਵੇਂ ਮਹਿਸੂਸ ਹੋਵੇਗਾ ਕਿ ਕਹਾਣੀ ਵਾਪਰ ਹੀ ਨਹੀਂ ਰਹੀ ਇਸ ਨਾਲ ਕਹਾਣੀ ਦਾ ਪ੍ਰਭਾਵ ਵੀ ਤੀਖਣ ਨਹੀਂ ਰਹੇਗਾ ਅਤੇ ਪਾਠਕ ਦੇ ਮਨ ਵਿਚ ਇੱਕ ਬੋਰੀਅਤ ਪੈਦਾ ਹੋਵੇਗੀ।[5]

ਇਸ ਲਈ ਪਲਾਟ ਅਜਿਹਾ ਹੋਵੇ ਕਿ ਪਾਠਕ ਦੇ ਮਨ ਵਿਚ ਉਤਸੁਕਤਾ ਬਣੀ ਰਹੇ ਤਾਂ ਹੀ ਉਸ ਵਿਚ ਰੋਚਕਤਾ ਹੋਵੇਗੀ। ਇਹ ਜ਼ਰੂਰੀ ਹੈ ਕਿ ਪਾਠਕ ਨੂੰ ਕਹਾਣੀ ਪੜ੍ਹਦੇ ਸਮੇਂ ਇਹ ਮਹਿਸੂਸ ਹੋਵੇ ਕਿ ਕਹਾਣੀ ਦੀ ਹਰ ਘਟਨਾ ਯਥਾਰਥਕ ਜੀਵਨ ਵਿਚੋਂ ਲਈ ਗਈ ਹੈ। ਪ੍ਰੋ. ਗੁਰਦਿਆਲ ਸਿੰਘ ਫੁੱਲ ਘਟਨਾ ਨੂੰ ਹੀ ਕਹਾਣੀ ਦਾ ਮੁੱਖ ਅੰਗ ਮੰਨਦੇ ਹਨ।[6] ਘਟਨਾਵਾਂ ਦੀ ਵਧੀਆ ਤਰਤੀਬ ਹੀ ਇੱਕ ਕਹਾਣੀਕਾਰ ਦਾ ਵਿਸ਼ੇਸ਼ ਗੁਣ ਹੁੰਦੀ ਹੈ। ਉਸਦੀ ਦਿੱਤੀ ਤਰਤੀਬ ਹੀ ਕਹਾਣੀ ਵਿਚ ਪ੍ਰਭਾਵ ਪੈਦਾ ਕਰਦੀ ਹੈ। ਇਸੇ ਕਰਕੇ ਕਿਹਾ ਗਿਆ ਹੈ ਕਿ "ਪ੍ਰਭਾਵ ਦੀ ਇਕਾਗਰਤਾ ਨਿੱਕੀ ਕਹਾਣੀ ਦੀ ਸਭ ਤੋਂ ਵੱਧ ਲੋੜ ਹੈ"[7] ਜਿਹੜਾ ਕਹਾਣੀਕਾਰ ਸ਼ੁਰੂ ਤੋਂ ਅੰਤ ਤੱਕ ਪ੍ਰਭਾਵ ਦੀ ਏਕਤਾ ਕਾਇਮ ਨਹੀਂ ਰੱਖਦਾ, ਉਹ ਸਫਲ ਕਹਾਣੀਕਾਰ ਨਹੀਂ ਮੰਨਿਆ ਜਾ ਸਕਦਾ। ਪ੍ਰਭਾਵ ਦੀ ਏਕਤਾ ਕਾਇਮ ਰੱਖਣ ਲਈ ਕਹਾਣੀਕਾਰ ਘਟਨਾਵਾਂ ਦੀ ਘਾੜਤ ਦੇ ਨਾਲ-2 ਢੁੱਕਵੇਂ ਪਾਤਰ ਵੀ ਚੁਣਦਾ ਹੈ।

**ਪਾਤਰ ਅਤੇ ਪਾਤਰ ਉਸਾਰੀ:** ਨਿੱਕੀ ਕਹਾਣੀ ਵਿਚ ਪਾਤਰ ਅਤੇ ਪਾਤਰ ਉਸਾਰੀ ਦਾ ਵਿਸ਼ੇਸ਼ ਸਥਾਨ ਹੈ ਕਿਉਂਕਿ ਇਨ੍ਹਾਂ ਦੁਆਰਾ ਹੀ ਕਹਾਣੀ ਦੀ ਕਥਾ ਅੱਗੇ ਤੁਰਦੀ ਹੈ। ਪਾਤਰ ਤੋਂ ਬਿਨਾ ਕਹਾਣੀ ਜੀਵੰਤ ਅੰਸ਼ ਤੋਂ ਸੱਖਣੀ ਰਹਿ ਜਾਂਦੀ ਹੈ। ਕਹਾਣੀ ਦੇ ਪਾਤਰ ਨੂੰ ਸੁਭਾਵਿਕ ਹੋਣਾ ਚਾਹੀਦਾ ਹੈ। ਇਸ ਨਾਲ ਪਾਤਰ ਦਾ ਸਰੂਪ ਯਥਾਰਥ ਹੁੰਦਾ ਹੈ। ਕਹਾਣੀ ਵਿਚ ਪਾਤਰਾਂ ਦੀ ਗਿਣਤੀ ਘੱਟ ਹੁੰਦੀ ਹੈ। ਜ਼ਿਆਦਾ ਪਾਤਰਾਂ ਨੂੰ ਕਹਾਣੀ ਵਿਚ ਸਮੇਟਣਾ ਔਖਾ ਹੋ ਜਾਂਦਾ ਹੈ। ਕਹਾਣੀ ਵਿਚ ਕੇਵਲ ਮੁੱਖ ਪਾਤਰ ਦੀ ਪਾਤਰ ਉਸਾਰੀ ਉਪਰ ਧਿਆਨ ਰੱਖਣਾ ਪੈਂਦਾ ਹੈ। ਉਸ ਪਾਤਰ ਦੇ ਜੀਵਨ ਦੇ ਕੇਵਲ ਇੱਕ ਪੱਖ ਉੱਤੇ ਕਹਾਣੀਕਾਰ ਆਪਣਾ ਧਿਆਨ ਕੇਂਦਰਿਤ ਕਰਦਾ ਹੈ। ਮੁੱਖ ਪਾਤਰ ਦੇ ਆਲੇ-ਦੁਆਲੇ ਹੀ ਸਾਰੀ ਕਹਾਣੀ ਘੁੰਮਦੀ ਹੈ ਬਾਕੀ ਦੇ ਪਾਤਰ ਉਸ ਦੇ ਸਹਾਇਕ ਪਾਤਰ ਹੁੰਦੇ ਹਨ। ਜਿਸ ਤਰ੍ਹਾਂ ਇਕੋ ਹੀ ਲਾੜਾ ਹੁੰਦਾ ਹੈ ਅਤੇ ਬਾਕੀ ਸਭ ਬਰਾਤੀ ਅਤੇ ਵਿਆਹ ਸਮੇਂ ਸਾਰੀ ਮਹੱਤਤਾ ਲਾੜੇ ਦੀ ਹੁੰਦੀ ਹੈ ਅਤੇ ਉਸਦੇ ਕਾਰਨ ਹੀ ਬਾਕੀ ਬਰਾਤੀਆਂ ਦੀ ਪੁੱਛ ਹੁੰਦੀ ਹੈ।

ਪਾਤਰ ਵੈਸੇ ਤਾਂ ਮਨੁੱਖ ਹੋਣੇ ਚਾਹੀਦੇ ਹਨ ਪਰ ਕਈ ਵਾਰ ਗੈਰ-ਮਨੁੱਖੀ ਪਾਤਰਾਂ ਨੂੰ ਵੀ ਮਾਨਵੀਕਰਣ ਦੀ ਵਿਧੀ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਅੱਜ ਦੀ ਨਿੱਕੀ ਕਹਾਣੀ ਵਿਚ ਪਾਤਰ ਉਸਾਰੀ ਦਾ ਮਹੱਤਵ ਵੱਧਦਾ ਜਾ

ਰਿਹਾ ਹੈ। ਇਸ ਬਿਰਤੀ ਦੇ ਵਿਕਾਸ ਦੇ ਕਾਰਨਾ ਵੱਲ ਸੰਕੇਤ ਕਰਦਿਆਂ ਡਾ. ਜਸਵਿੰਦਰ ਸਿੰਘ ਉਪਲ ਨੇ ਲਿਖਿਆ ਹੈ ਕਿ ਇਸ ਦਾ ਇੱਕ ਕਾਰਨ ਮਨੁੱਖ ਦੀਆਂ ਮਾਨਸਿਕ ਗੁੰਝਲਾਂ ਹਨ। ਅਜੋਕੇ ਮਨੁੱਖ ਦਾ ਮਨੋਵਿਸ਼ਲੇਸ਼ਣ ਮਨੋਵਿਗਿਆਨ ਦੀ ਸਹਾਇਤਾ ਨਾਲ ਹੀ ਕੀਤਾ ਜਾ ਸਕਦਾ ਹੈ।[8] ਸੋ ਸਫ਼ਲ ਕਹਾਣੀਕਾਰ ਆਪਣੇ ਪਾਤਰ ਦਾ ਮਨੋਵਿਸ਼ਲੇਸ਼ਣ ਪੇਸ਼ ਕਰਦਾ ਹੈ ਤਾਂ ਕਿ ਪਾਠਕ ਉਸ ਦੀ ਕਹਾਣੀ ਦੇ ਪਾਤਰ ਨੂੰ ਅੰਦਰੋ ਵਧੇਰੇ ਜਾਣ ਸਕੇ। ਸਫ਼ਲ ਕਹਾਣੀ ਵੀ ਉਹੀ ਮੰਨੀ ਜਾਂਦੀ ਜਿਸ ਵਿਚ ਪਾਤਰ ਤੇ ਪਾਠਕ ਵਿਕਚਾਰ ਇਕ ਸਾਂਝ ਤੇ ਇਕਸੁਰਤਾ ਹੋਵੇ। ਇਹ ਤਾਂ ਹੀ ਹੋ ਸਕਦਾ ਹੈ ਕਿ ਜੇ ਪਾਤਰ ਉਸਾਰੀ ਇਸ ਤਰ੍ਹਾਂ ਹੋਵੇ ਕਿ ਪਾਠਕ ਨੂੰ ਇੰਝ ਮਹਿਸੂਸ ਹੋਵੇ ਕਿ ਪਾਤਰ ਨੂੰ ਉਹ ਆਪ ਜਾਣ ਰਿਹਾ ਹੈ ਨਾ ਕਿ ਕਹਾਣੀਕਾਰ ਉਸ ਬਾਰੇ ਦੱਸ ਰਿਹਾ ਹੈ।

ਪਾਤਰ ਉਸਾਰੀ ਦੀਆਂ ਤਿੰਨ ਵਿਧੀਆਂ ਮਿਲਦੀਆਂ ਹਨ। ਪਹਿਲੀ ਜਦ ਕਹਾਣੀ ਦਾ ਪਾਤਰ ਖੁਦ ਆਪਣੇ ਬਾਰੇ ਜਾਣੂ ਕਰਵਾਉਂਦਾ ਹੈ। ਇਸ ਵਿਚ ਮੈਂ ਪਾਤਰ ਆਪ ਸ਼ੁਰੂ ਤੋਂ ਲੈ ਕੇ ਅੰਤ ਤੱਕ ਕਹਾਣੀ ਸੁਣਾਉਂਦਾ ਹੈ। ਦੂਸਰੀ ਵਿਧੀ ਰਾਹੀਂ ਕਹਾਣੀ ਦੇ ਸਾਰੇ ਪਾਤਰ ਆਪ ਬੀਤੀ ਸੁਣਾਉਂਦੇ ਹੋਏ ਗੱਲਬਾਤ ਰਾਹੀਂ ਇੱਕ ਦੂਜੇ ਬਾਰੇ ਜਾਣਕਾਰੀ ਦਿੰਦੇ ਹਨ। ਤੀਸਰੀ ਵਿਧੀ ਰਾਹੀਂ ਕਹਾਣੀਕਾਰ ਆਪ ਆਤਮ ਭਾਸ਼ਨ ਦੇ ਰੂਪ ਵਿਚ ਸਮੁੱਚੀ ਕਹਾਣੀ ਇੰਝ ਸੁਣਾਉਂਦਾ ਹੈ ਅਤੇ ਮੈਂ ਰੂਪ ਵਿਚ ਕਹਾਣੀ ਦਾ ਨਾਇਕ ਬਣ ਕੇ ਦੂਜੇ ਪਾਤਰਾਂ ਨੂੰ ਸਮੇਟ ਕੇ ਆਪਣੇ ਨਾਲ ਚਲਾਉਂਦਾ ਹੈ। ਇਨ੍ਹਾਂ ਟਿੱਪਣੀਆਂ ਦੌਰਾਨ ਕਹਾਣੀ ਰੁੱਕ ਜਾਂਦੀ ਹੈ ਅਤੇ ਇਸੇ ਦੌਰਾਨ ਹੀ ਪਾਤਰਾਂ ਬਾਰੇ ਕੀਤੀਆਂ ਟਿੱਪਣੀਆਂ ਪਾਤਰ ਉਸਾਰੀ ਕਰ ਰਹੀਆਂ ਹੁੰਦੀਆਂ ਹਨ। ਇਸ ਨਾਲ ਕਹਾਣੀ ਵਿਚ ਪਾਤਰਾਂ ਨੂੰ ਲੇਖਕ ਰਾਹੀਂ ਜੀਵੰਤ ਕੀਤਾ ਜਾਂਦਾ ਹੈ ਜਿਸ ਨਾਲ ਪਾਤਰ ਯਥਾਰਥ ਦੇ ਵਧੇਰੇ ਨਜ਼ਦੀਕ ਅਤੇ ਸਹਿਜ ਅਨੁਭਵ ਹੋਣ ਲੱਗਦੇ ਹਨ।[9]

**ਵਾਰਤਾਲਾਪ:** ਢੁੱਕਵੀਂ ਸੰਖੇਪ ਅਤੇ ਨਾਟਕੀ ਵਾਰਤਾਲਾਪ ਨਿੱਕੀ ਕਹਾਣੀ ਦਾ ਇੱਕ ਹੋਰ ਤੱਤ ਹੈ। ਪਾਤਰਾਂ ਦੇ ਚਰਿੱਤਰ ਨੂੰ ਉਭਾਰਨ, ਵਰਨਣ ਵਿਚ ਰੌਚਕਤਾ ਪੈਦਾ ਕਰਨ ਲਈ ਅਤੇ ਕਹਾਣੀ ਨੂੰ ਅੱਗੇ ਤੋਰਨ ਲਈ ਵਾਰਤਾਲਾਪ ਜ਼ਰੂਰੀ ਹੈ। ਵਾਕ ਸਰਲ ਹੋਣੇ ਚਾਹੀਦੇ ਹਨ ਨਾ ਕਿ ਲੰਬੇ ਉਲਝੇ ਹੋਏ ਵਾਕ। ਵਾਰਤਾਲਾਪ ਪਾਤਰ, ਸਮੇਂ ਤੇ ਸਥਿਤੀ ਦੇ ਅਨੁਸਾਰ ਹੋਣੀ ਚਾਹੀਦੀ ਹੈ। ਵਾਰਤਾਲਾਪ ਦੀ ਸ਼ਬਦਾਵਲੀ ਬਾਕੀ ਕਹਾਣੀ ਨਾਲੋਂ ਵੱਖਰੀ ਹੁੰਦੀ ਹੈ। ਇਸੇ ਵਿਲੱਖਣਤਾ ਕਰਕੇ ਇਹ ਇੱਕ ਵੱਖਰਾ ਸੁਆਦ ਪੈਦਾ ਕਰਦੀ ਹੈ। ਵਾਰਤਾਲਾਪ ਇਕ ਅਜਿਹਾ ਵਸੀਲਾ ਹੈ ਜਿਸ ਰਾਹੀਂ ਪਾਠਕ ਨੂੰ ਪਾਤਰ ਆਪਣੇ ਵਰਗੇ ਲੱਗਣ ਲੱਗ ਪੈਂਦੇ ਹਨ ਤੇ ਪਾਤਰਾਂ ਨਾਲ ਨੇੜਤਾ ਵੱਧਦੀ ਹੈ ਅਤੇ ਪਾਠਕ ਉਨ੍ਹਾਂ ਨੂੰ ਰੋਲ ਮਾਡਲ ਵੀ ਸਮਝਦਾ ਹੈ।

ਨਿੱਕੀ ਕਹਾਣੀ ਵਿਚ ਵਾਰਤਾਲਾਪ ਛੋਟੇ-2 ਸੁਚਤ ਵਾਕਾਂ ਵਿਚ ਪੇਸ਼ ਕੀਤੀ ਜਾਂਦੀ ਹੈ। ਜੋ ਕੇਵਲ ਢੁੱਕਵੀਂ ਹੀ ਹੁੰਦੀ ਹੈ ਸਗੋਂ ਪਾਤਰਾਂ ਦੇ ਸੁਭਾਵਾਂ ਨੂੰ ਵੀ ਉਘਾੜਦੀ ਚਲੀ ਜਾਂਦੀ ਹੈ। ਬਹੁਤ ਸਾਰੀਆਂ ਅਜਿਹੀਆਂ ਸਫਲ ਕਹਾਣੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਵਾਰਤਾਲਾਪ ਨਹੀਂ ਹੁੰਦੀ।

**ਵਾਤਾਵਰਨ:** ਇਸ ਤੱਤ ਰਾਹੀਂ ਕਹਾਣੀ ਦਾ ਸੰਬੰਧ ਵਾਸਤਵਿਕ ਜੀਵਨ ਨਾਲ ਜੁੜਦਾ ਹੈ। ਇਸ ਤੋਂ ਬਿਨਾਂ ਕੋਈ ਵੀ ਵਿਸ਼ਾ ਸਫਲਤਾ ਪੂਰਨ ਨਿਭਾਇਆ ਨਹੀਂ ਜਾ ਸਕਦਾ। ਮਨੁੱਖ ਇੱਕ ਸਮਾਜਿਕ ਜੀਵ ਹੋਣ ਦੇ ਨਾਤੇ ਇੱਕ ਖਾਸ ਤਰ੍ਹਾਂ ਦੇ ਵਾਤਾਵਰਣ ਵਿਚ ਰਹਿੰਦਾ ਹੈ। ਇਸ ਲਈ ਪਾਤਰਾਂ ਦੇ ਸੁਭਾਵਾਂ ਨੂੰ ਉਘਾੜਨ ਲਈ ਢੁੱਕਵੇਂ ਵਾਤਾਵਰਣ ਦਾ ਹੋਣਾ ਬਹੁਤ ਜ਼ਰੂਰੀ ਹੈ। ਵਾਤਾਵਰਣ ਕਹਾਣੀ ਦੇ ਪਾਤਰਾਂ, ਗੋਂਦ ਅਤੇ ਵਿਸ਼ੇ ਤੋਂ ਵੱਖ ਨਹੀਂ ਹੁੰਦਾ ਸਗੋਂ ਇਨ੍ਹਾਂ ਸਾਰਿਆਂ ਵਿਚ ਰਚਿਆ ਮਿਚਿਆ ਹੋਣਾ ਚਾਹੀਦਾ ਹੈ। ਸਹੀ ਵਾਤਾਵਰਣ ਨਾਲ ਕਹਾਣੀ ਵਿਚ ਰੌਚਕਤਾ ਵੱਧਦੀ ਹੈ। ਕਹਾਣੀ ਦਾ ਵਾਤਾਵਰਣ ਕਹਾਣੀ ਦੇ ਆਰੰਭ ਤੋਂ ਹੀ ਸ਼ੁਰੂ ਹੋ ਕੇ ਲਗਾਤਾਰ ਲੋੜ ਮੁਤਾਬਿਕ ਬਦਲਦਾ ਰਹਿੰਦਾ ਹੈ ਤੇ ਕਹਾਣੀ ਦੇ ਅਖੀਰ ਵਿਚ ਹੀ ਖ਼ਤਮ ਹੁੰਦਾ ਹੈ। ਜੇ ਵਾਤਾਵਰਣ ਕਹਾਣੀ ਦੇ ਸਮੇਂ ਅਤੇ ਸਥਾਨ ਅਨੁਸਾਰ ਨਾ ਉਸਾਰਿਆ ਗਿਆ ਹੋਵੇ ਤਾਂ ਕਹਾਣੀ ਦੇ ਪ੍ਰਭਾਵ ਤੇ ਵੀ ਅਸਰ ਪਾਉਂਦਾ ਹੈ।

**ਭਾਸ਼ਾ-ਸ਼ੈਲੀ:** ਭਾਸ਼ਾ ਰਾਹੀਂ ਕਹਾਣੀਕਾਰ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਹੋਰਨਾਂ ਤੱਕ ਪਹੁੰਚਾਉਂਦਾ ਹੈ। ਕਹਾਣੀਕਾਰ ਇਹ ਸਾਰਾ ਕੁਝ ਤਾਂ ਹੀ ਕਰ ਸਕਦਾ ਹੈ ਜੇ ਉਸਦੀ ਆਪਣੀ ਮੌਲਿਕ ਲਿਖਣ ਸ਼ੈਲੀ ਹੋਵੇ ਜੋ ਉਸਦੀ ਸਮੁੱਚੀ ਸਮੱਗਰੀ ਨੂੰ ਕਲਾਤਮਕ ਰੂਪ ਦੇਵੇ ਤੇ ਉਸਨੂੰ ਹੋਰਨਾਂ ਕਹਾਣੀਕਾਰਾਂ ਨਾਲੋਂ ਨਿਖੇੜੇ। ਸ਼ੈਲੀ ਰਾਹੀਂ ਹੀ ਲੇਖਕ ਪਛਾਣਿਆ ਜਾਂਦਾ ਹੈ ਕਿਉਂਕਿ ਸ਼ੈਲੀ ਵਿਚੋਂ ਹੀ ਲੇਖਕ ਦਾ ਵਿਅਕਤਿਤਵ ਝਲਕਦਾ ਹੈ ਲੇਖਕ ਦਾ ਲਿਖਿਆ ਇਕ-ਇਕ ਸ਼ਬਦ ਅਜਿਹਾ ਹੋਣਾ ਚਾਹੀਦਾ ਹੈ ਜੋ ਪਾਠਕ ਦੇ ਮਨ ਨੂੰ ਹਲੂਣ ਕੇ ਰੱਖ ਦੇਵੇ ਕਈ ਵਾਰ ਕਹਾਣੀਕਾਰ ਗੱਲ ਸਿੱਧੇ ਢੰਗ ਨਾਲ ਕਹਿਣ ਦੀ ਬਜਾਇ ਟੇਢੇ ਢੰਗ ਨਾਲ ਕਹਿੰਦਾ ਹੈ ਜਾਂ ਕਟਾਖਸ਼ੁ ਕਰਦਾ ਹੈ। "ਵਿਅੰਗ ਤੇ ਕਟਾਖਸ਼ ਨਿੱਕੀ ਕਹਾਣੀ ਦੀ ਸ਼ੈਲੀ ਦਾ ਮਹੱਤਵਪੂਰਨ ਤੱਤ ਹੈ ਕਿਉਂਕਿ ਸਾਧਾਰਣ ਵਿਅਕਤੀ ਦੀ ਵਿਸ਼ੇਸ਼ਤਾ ਨੂੰ ਨਿੱਕੀ ਕਹਾਣੀ ਵਿਅੰਗ ਤੇ ਕਟਾਖਸ਼ ਰਾਹੀਂ ਸਿਰਜਦੀ ਹੈ।" [10]

**ਉਦੇਸ਼:** ਵਾਕ ਹੋਰਨਾਂ ਸਾਹਿਤਕ ਰਚਨਾਵਾਂ ਵਾਂਗ ਕਹਾਣੀ ਦਾ ਕੋਈ ਨਾ ਕੋਈ ਉਦੇਸ਼ ਜਰੂਰ ਹੁੰਦਾ ਹੈ। ਜੀਵਨ ਦੇ ਜਿਸ ਤੱਥ ਜਾਂ ਗੁੰਝਲ ਉੱਤੇ ਕਹਾਣੀਕਾਰ ਚਾਨਣਾ ਪਾ ਰਿਹਾ ਹੁੰਦਾ ਹੈ ਉਸ ਪ੍ਰਤੀ ਉਸਦਾ ਦਾ ਦ੍ਰਿਸ਼ਟੀਕੋਣ ਪ੍ਰਗਟ ਹੋ ਜਾਂਦਾ ਹੈ ਇਹ ਦ੍ਰਿਸ਼ਟੀਕੋਣ ਹੀ ਉਸਦੇ ਉਦੇਸ਼ ਦਾ ਮੂਲ ਅਧਾਰ ਹੈ। ਜਿਸ ਨੂੰ ਸਹਿਜ ਢੰਗ ਨਾਲ ਕਹਾਣੀਕਾਰ ਨੂੰ ਪ੍ਰਗਟਾਉਣਾ ਚਾਹੀਦਾ ਹੈ। ਉਦੇਸ਼ ਕਿਸੇ ਵੀ ਧਾਰਮਿਕ, ਸਮਾਜਿਕ, ਰਾਜਨੀਤਿਕ ਜਾਂ ਆਰਥਿਕ ਪੱਧਰ ਤੇ ਵੀ ਕਹਾਣੀ ਵਿਚ ਦਰਸਾਇਆ ਜਾ ਸਕਦਾ ਹੈ। ਕਹਾਣੀ ਦਾ ਉਦੇਸ਼ ਹਮੇਸ਼ਾ ਪਾਠਕ ਨੂੰ ਸੇਧ ਦੇਣ ਵਾਲਾ ਹੋਣਾ ਚਾਹੀਦਾ ਹੈ ਤੇ ਮਨੁੱਖਤਾ ਦੇ ਭਲੇ ਵਾਲਾ ਹੋਵੇ। ਮਾੜੇ ਉਦੇਸ਼ ਵਾਲੀ ਰਚਨਾ ਨੂੰ ਸਤਿਕਾਰ ਪ੍ਰਾਪਤ ਨਹੀਂ ਹੁੰਦਾ।

**ਸਿਰਲੇਖ:** ਕਹਾਣੀ ਦੀ ਸਿਰਜਣਾ ਵਿਚ ਸਿਰਲੇਖ ਦਾ ਵੀ ਖਾਸ ਮਹੱਤਵ ਹੈ ਅਸਲ ਵਿਚ ਸਿਰਲੇਖ ਦਾ ਅਹਿਸਾਸ ਹੀ ਸਾਰੀ ਕਹਾਣੀ ਵਿਚ ਪਸਰਿਆ ਹੁੰਦਾ ਹੈ। ਸਿਰਲੇਖ ਹੀ ਸਭ ਤੋਂ ਪਹਿਲਾਂ ਪਾਠਕ ਦੇ ਸੰਪਰਕ ਵਿਚ ਆਉਂਦਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਅੰਦਰ ਕਹਾਣੀ ਪੜ੍ਹਣ ਦੀ ਚਾਹਤ ਜਾਗਣੀ ਚਾਹੀਦੀ ਹੈ। ਸਿਰਲੇਖ ਸਮੁੱਚੀ ਕਹਾਣੀ ਦੇ ਵਿਸ਼ੇ ਦੇ ਅੰਤਰ ਆਤਮੇ ਨੂੰ ਵੀ ਪੇਸ਼ ਕਰਦਾ ਹੈ। ਕਹਾਣੀ ਦਾ ਸਿਰਲੇਖ ਕਲਾਤਮਕ ਹੋਣਾ ਚਾਹੀਦਾ ਹੈ ਜੋ ਆਕਰਸ਼ਕ ਹੋਣ ਦੇ ਨਾਲ-ਨਾਲ ਵਿਸ਼ੇ ਦਾ ਸੂਚਕ ਵੀ ਹੋਵੇ। ਸਿਰਲੇਖ ਕਿਸੇ ਪਾਤਰ, ਕਿਸੇ ਘਟਨਾ-ਸਥਲ ਦੇ ਆਧਾਰ ਤੇ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ ਪਰ ਚੰਗਾ ਸਿਰਲੇਖ ਉਹ ਹੁੰਦਾ ਹੈ ਜਿਸ ਵਿਚ ਕੇਂਦਰੀ ਨੁਕਤੇ ਵੱਲ ਸੰਕੇਤ ਹੋਵੇ ਜਾਂ ਵਿਸ਼ੇ ਦੀ ਭਾਵਨਾ ਨੂੰ ਕੁਝ ਕੁ ਸ਼ਬਦਾਂ ਵਿਚ ਸਮੋ ਦਿੱਤਾ ਗਿਆ ਹੋਵੇ। ਕਈ ਲੇਖਕ ਸਿਰਲੇਖ ਦੀ ਪਹਿਲਾਂ ਕਲਪਨਾ ਕਰ ਲੈਂਦੇ ਹਨ ਤੇ ਬਾਦ ਵਿਚ ਕਹਾਣੀ ਦੀ ਸਿਰਜਣ ਪ੍ਰਕਿਰਿਆ ਕਰਦੇ ਹਨ ਤੇ ਕੁਝ ਲੇਖਕ ਕਹਾਣੀ ਲਿਖਣ ਤੋਂ ਬਾਅਦ ਢੁੱਕਵਾਂ ਸਿਰਲੇਖ ਰੱਖਦੇ ਹਨ। ਜ਼ਰੂਰੀ ਹੈ ਕਿ ਪਾਠਕ ਸਿਰਲੇਖ ਤੋਂ ਪ੍ਰੇਰਿਤ ਹੋ ਕੇ ਕਹਾਣੀ ਪੜ੍ਹਨ ਵੱਲ ਰੁਚਿਤ ਹੋ ਜਾਵੇ।

**ਸਿਰਜਣ ਵਿਧੀ:** ਮੁੱਖ ਤੌਰ ਤੇ ਕਹਾਣੀ ਦੀ ਸਿਰਜਣ ਵਿਧੀ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਆਰੰਭ, ਮੱਧ, ਸਿਖਰ ਤੇ ਅੰਤ। ਆਰੰਭ ਕਹਾਣੀ ਦੀ ਸਿਰਜਣਾ ਦੇ ਪਹਿਲੇ ਭਾਗ ਨੂੰ ਕਹਾਣੀ ਦਾ ਮੁੱਢ ਕਿਹਾ ਜਾਂਦਾ ਹੈ। ਇਹ ਝਟ-ਪਟਾ, ਨਾਟਕੀ ਤੇ ਹੈਰਾਨੀ ਭਰਿਆ ਹੋਣਾ ਚਾਹੀਦਾ ਹੈ। ਕਹਾਣੀ ਦਾ ਆਰੰਭ ਸੁਆਦਲਾ, ਰੋਚਕ ਤੇ ਆਕਰਸ਼ਕ ਹੋਣਾ ਕਿਸੇ ਕਹਾਣੀ ਨੂੰ ਅਖੀਰ ਤੱਕ ਪੜਨ ਲਈ ਪਾਠਕ ਦੀ ਬਿਰਤੀ ਨੂੰ ਇਕਸੁਰ ਕਰਦਾ ਹੈ। ਇਸ ਸਭ ਤੋਂ ਬਿਨਾਂ ਕਹਣੀ ਦਾ ਮੁੱਢ ਸੰਖੇਪ ਹੋਣਾ ਚਾਹੀਦਾ ਹੈ ਜੋ ਵਿਸ਼ੇ ਜਾਂ ਮੁੱਖ ਪਾਤਰ ਨਾਲ ਜਾਣ-ਪਛਾਣ ਕਰਾਵੇ ਇਸਦੇ ਉਲਟ ਬੇਲੋੜੀ ਭੂਮਿਕਾ ਵਾਲਾ ਆਰੰਭ ਕਹਾਣੀ ਨੂੰ ਰਸਹੀਣ ਬਣਾ ਦਿੰਦਾ ਹੈ।

ਮੱਧ ਭਾਗ ਵਿਚ ਕਹਾਣੀ ਦੀ ਵਸਤੂ ਦਾ ਬਿਆਨ ਹੁੰਦਾ ਹੈ ਇਥੋਂ ਹੀ ਘਟਨਾ ਵਿਕਾਸ ਕਰਨਾ ਸ਼ੁਰੂ ਕਰਦੀ ਇਸ ਹਿੱਸੇ ਵਿਚ ਵਿਸ਼ੇ ਦੀ ਉਸਾਰੀ ਹੁੰਦੀ ਹੈ ਅਤੇ ਪਾਤਰਾਂ ਦੇ ਸੁਭਾਵਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਭਾਗ ਵਿਚ ਹੀ ਕਹਾਣੀਕਾਰ ਆਪਣੇ ਰਚਨਾ ਉਦੇਸ਼ ਨੂੰ ਸਪੱਸ਼ਟ ਕਰਨ ਦਾ

www.ignited.in

ਯਤਨ ਕਰਦਾ ਹੈ ਮੱਧ ਦੀ ਯਾਤਰਾ ਸਿਖਰ ਵਲ ਸ਼ੁਰੂ ਹੁੰਦੀ ਹੈ। ਇਥੇ ਪਹੁੰਚ ਕੇ ਲੇਖਕ ਨੂੰ ਗੁੰਝਲ ਦੀ ਹਰ ਉਲਝੀ ਹੋਈ ਤੰਦ ਨੂੰ ਇਕ-ਇਕ ਕਰਕੇ ਖੋਲ੍ਹਣਾ ਹੁੰਦਾ ਹੈ। ਇਥੇ ਕਹਾਣੀਕਾਰ ਦਾ ਕੰਮ ਤਾਸ਼ ਦੇ ਖਿਡਾਰੀ ਵਾਂਗ ਹੁੰਦਾ ਹੈ ਜੋ ਪੂਰੀ ਸੋਚ ਨਾਲ ਪੱਤੇ ਸੁਟਦਾ ਹੈ ਅਤੇ ਆਖਰੀ ਪੱਤੇ ਤੱਕ ਹੋਰਨਾਂ ਖਿਡਾਰੀਆਂ ਨੂੰ ਆਪਣੇ ਪੱਤੇ ਦਾ ਅਹਿਸਾਸ ਨਹੀਂ ਹੋਣ ਦਿੰਦਾ; ਲਟਕਾ ਬਣਿਆ ਰਹਿੰਦਾ ਹੈ। ਸਿਖਰ ਅੰਤ ਦੇ ਕਾਫੀ ਨੇੜੇ ਪਹੁੰਚ ਕੇ ਆਉਂਦਾ ਹੈ ਕਿਉਂਕਿ ਇਸ ਨੇ ਪਾਠਕ ਨੂੰ ਇਕ ਹਲੂਣਾ ਦੇ ਕੇ ਗੱਲ ਮੁਕਾਉਣੀ ਹੁੰਦੀ ਹੈ। ਸਿਖਰ ਤੋ ਬਾਅਦ ਕਹਾਣੀ ਦੇ ਅੰਤ ਦਾ ਸਥਾਨ ਹੈ। ਸਿਖਰ ਤੇ ਪਹੁੰਚ ਕੇ ਜਦੋਂ ਗੁੰਝਲ ਖੁੱਲਦੀ ਹੈ ਅਤੇ ਪਾਠਕ ਨੂੰ ਇਕ ਹਲੂਣਾ ਜਿਹਾ ਮਹਿਸੂਸ ਹੁੰਦਾ ਹੈ ਉਦੋਂ ਇਕਦਮ ਹੀ ਦੋ ਵਾਕਾਂ ਵਿਚ ਕਹਾਣੀ ਦਾ ਅੰਤ ਕਰ ਦਿੱਤਾ ਜਾਂਦਾ ਹੈ। ਸਿਖਰ ਤੇ ਪਹੁੰਚ ਕੇ ਕਹਾਣੀ ਨੂੰ ਜਿਆਦਾ ਨਹੀਂ ਲਮਕਾਉਣਾ ਚਾਹੀਦਾ। ਕਹਾਣੀ ਦੇ ਅੰਤ ਦਾ ਕਹਾਣੀ ਦੇ ਆਰੰਭ ਨਾਲ ਇਕ ਖਾਸ ਕਿਸਮ ਦਾ ਸੰਬੰਧ ਹੁੰਦਾ ਹੈ ਜੋ ਆਪਸ ਵਿੱਚ ਜੁੜੇ ਹੁੰਦੇ ਹਨ। ਜਿਥੇ ਆਰੰਭ ਦੇ ਝਟਪਟ ਹੋਣ ਦੀ ਲੋੜ ਹੁੰਦੀ ਹੈ ਉਥੇ ਅੰਤ ਦੇ ਤੁਰੰਤ ਆ ਜਾਣ ਅਤੇ ਇਕ ਦੋ ਵਾਕਾਂ ਵਿਚ ਕਹਾਣੀ ਨੂੰ ਖਤਮ ਕਰ ਦੇਣ ਦੀ ਆਪਣੀ ਖਾਸੀਅਤ ਹੁੰਦੀ ਹੈ।

ਕਹਾਣੀ ਸਾਹਿਤ ਵੰਨਗੀ ਵਿਚ ਸੁਚੱਜੀ ਬਣਤਰ ਪਹਿਲੀ ਮੰਗ ਹੈ ਜਿਸ ਨਾਲ ਕਹਾਣੀ ਬਣਦੀ ਹੈ। ਨਿੱਕੀ ਕਹਾਣੀ ਗਲਪ ਦਾ ਉਹ ਰੂਪ ਹੈ ਜੋ ਗੋਂਦ ਰਾਹੀਂ ਕਿਸੇ ਇੱਕ ਮੁੱਖ ਘਟਨਾ ਦਾ ਜਾਂ ਪਾਤਰ ਦਾ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦਾ ਹੈ ਕਿ ਉਸਦਾ ਦਾ ਪ੍ਰਭਾਵ ਸੰਪੂਰਣ ਤੇ ਇਕਹਿਰਾ ਹੋ ਨਿਬੜਦਾ ਹੈ।

## ਹਵਾਲੇ ਅਤੇ ਟਿੱਪਣੀਆਂ

ਡਾ. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸ਼ਤਰੀ ਅਧਿਐਨ, ਪੰਨਾ 11

ਡਾ. ਸਤਿਨਾਮ ਸਿੰਘ ਸੰਧੂ, ਸਾਹਿਤ ਦੀ ਹੋਂਦ ਵਿਧੀ, ਪੰਨਾ 189

ਅਮਰਜੀਤ ਕੌਰ, ਪੰਜਾਬੀ ਨਿੱਕੀ ਕਹਾਣੀ: ਸਿਧਾਂਤ ਤੇ ਵਿਕਾਸ

ਡਾ. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ 20

ਡਾ. ਕੁਲਦੀਪ ਸਿੰਘ, ਸੰਵਾਦ: ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ, ਪੰਨਾ 107

ਪ੍ਰੋ. ਗੁਰਦਿਆਲ ਸਿੰਘ, ਸਾਹਿਤ ਦੇ ਰੂਪ, ਪੰਨਾ 13

ਡਾ. ਪਰਮਿੰਦਰ ਸਿੰਘ ਤੇ ਪ੍ਰੋ. ਕਿਰਪਾਲ ਸਿੰਘ ਕਸੇਲ, ਕਹਾਣੀ ਦੀ ਵਿਧਾ, ਪੰਨਾ 25

ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 109

ਡਾ. ਕੁਲਦੀਪ ਸਿੰਘ, ਸੰਵਾਦ: ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ, ਪੰਨਾ 110

ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 92

**Corresponding Author**

**Dr. Harjot Kaur***

Professor in Punjabi, Department of Distance Education, Punjabi University, Patiala

**E-Mail –**